**ਵਿਸ਼ਾ :-** **Sustainable Development goals ਦੇ ਪਾਇਲਟ ਪ੍ਰੋਜੈਕਟ ਪਟਿਆਲਾ ਨੂੰ ਲਾਗੂ ਕਰਨ/ਅਮਲ ਵਿੱਚ ਲਿਆਉਣ ਲਈ ਜਿਲਾ ਪੱਧਰੀ SDG Cell ਪਟਿਆਲਾ ਦੀ ਹੋਈ ਮੀਟਿੰਗ ਦੀ ਕਾਰਵਾਈ ਰਿਪੋਰਟ।**

ਮਿਤੀ 17-09-2020 ਨੂੰ ਜਿਲ੍ਹਾ SDG Cell ਪਟਿਆਲਾ ਦੀ ਪਹਿਲੀ ਮੀਟਿੰਗ ਮਾਨਯੋਗ ਸ੍ਰੀ ਕੁਮਾਰ ਅਮਿਤ, ਆਈ.ਏ.ਐਸ. ਡਿਪਟੀ ਕਮਿਸ਼ਨਰ-ਕਮ-ਚੇਅਰਮੈਨ SDG Cell ਪਟਿਆਲਾ ਜੀ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੀਟਿੰਗ ਵਿੱਚ SDG Cell ਦੇ ਸਰਕਾਰੀ ਅਤੇ ਗੈਰ-ਸਰਕਾਰੀ ਮੈਂਬਰਾਂ ਵੱਲੋਂ ਭਾਗ ਲਿਆ ਗਿਆ। ਮੀਟਿੰਗ ਵਿੱਚ ਹਾਜਰ ਮੈਂਬਰਾਂ ਦੀ ਹਾਜ਼ਰੀ, ਹਾਜ਼ਰੀ ਰਜਿਸਟਰ ਅਨੁਸਾਰ ਹੈ।

1. ਮੀਟਿੰਗ ਵਿੱਚ ਪ੍ਰਧਾਨ ਜੀ ਵੱਲੋਂ ਹਾਊਸ ਨੂੰ ਹਦਾਇਤ ਕੀਤੀ ਗਈ ਕਿ ਇਹ ਇਕ ਅਹਿਮ ਪ੍ਰੋਜੈਕਟ ਹੈ ਅਤੇ ਇਸ ਬਾਰੇ ਯੋਜਨਾਬੰਦੀ ਵਿਭਾਗ ਨੂੰ ਸਮੇਂ ਸਿਰ ਅਤੇ ਸਹੀ ਟਾਈਮ ਤੇ ਪ੍ਰੋਜੈਕਟ ਤਿਆਰ ਕਰਨ ਸਬੰਧੀ ਸਹਿਯੋਗ ਦੇਣਾ ਅਤਿ ਜਰੂਰੀ ਹੈ। ਇਸ ਪ੍ਰੋਜੈਕਟ ਅਧੀਨ ਜਿਲ੍ਹਾ ਪਟਿਆਲਾ ਦੇ ਸੈਂਪਲ ਦੇ ਤੌਰ ਤੇ ਇੱਕੋ ਏਰੀਏ ਦੇ ਇੱਕ ਦੂਜੇ ਨਾਲ ਲੱਗਦੇ ਸਿਰਫ 5 ਪਿੰਡ ਚੁਣੇ ਜਾਣੇ ਹਨ। ਜਿਹਨਾਂ ਦੀ SDG Action Plan ਤਿਆਰ ਕੀਤੀ ਜਾਵੇਗੀ। ਸਰਕਾਰ ਵੱਲੋਂ ਇਸ ਪਲਾਨ ਦੇ ਅਧਾਰ ਤੇ ਵਿਕਾਸ ਕਰਨ ਲਈ ਟਿਕਾਊ ਸਾਧਨਾਂ ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਕਿਉਂਕਿ ਕਿਸੇ ਵੀ ਵਿਕਾਸ ਪਲਾਨ ਨੂੰ ਲਾਗੂ ਕਰਨ ਲਈ ਠੋਸ ਸਾਧਨਾਂ ਦਾ ਹੋਣਾ ਅਤਿ ਜਰੂਰੀ ਹੈ। ਇਸ ਪਲਾਨ ਅਧੀਨ ਤਜਵੀਜ਼ ਕੀਤੇ ਪ੍ਰੋਜੈਕਟਾਂ ਨੂੰ ਮੁਕੰਮਲ ਕਰਨ ਲਈ ਫੰਡਾਂ ਦਾ ਸਰੋਤ ਐਮ.ਪੀ.ਲੈਡ ਸਕੀਮ ਫੰਡ, ਪਲਾਨ ਫੰਡ, ਗੈਰ ਸਰਕਾਰੀ ਸੰਸਥਾਵਾਂ ਅਤੇ ਗ੍ਰਾਮ ਪੰਚਾਇਤਾਂ ਦੀ ਭਾਗੀਦਾਰੀ ਦੇ ਯੋਗਦਾਨ ਨਾਲ, ਸੈਂਟਰਲੀ ਸਪੌਂਸਰਡ ਸਕੀਮਾਂ ਅਤੇ ਰਾਜ ਪੱਧਰੀ ਸਕੀਮਾਂ ਵਿੱਚੋਂ ਲਿਆ ਜਾਵੇਗਾ।

2. ਪ੍ਰਧਾਨ ਜੀ ਵੱਲੋਂ ਮੀਟਿੰਗ ਵਿੱਚ ਹਾਜਰ 17 ਵੱਖ-ਵੱਖ ਵਿਭਾਗਾਂ ਨੂੰ ਹਦਾਇਤ ਕੀਤੀ ਗਈ ਕਿ SDG Cell ਪਟਿਆਲਾ ਦੀ ਤਿਮਾਹੀਵਾਰ ਮੀਟਿੰਗ ਹੋਵੇਗੀ। ਸੋ ਆਪ ਵੱਲੋਂ ਆਪਣਾ ਨਿੱਜੀ ਧਿਆਨ ਦੇ ਕੇ ਦਿਲਚਸਪੀ ਨਾਲ ਢੁੱਕਵੇਂ ਪ੍ਰੋਜੈਕਟ ਪਹਿਲਾਂ ਹੀ ਉਲੀਕ ਕੇ ਰੱਖ ਲਏ ਜਾਣ ਤਾਂ ਜੋ ਇਹ ਐਕਸ਼ਨ ਪਲਾਨ ਸਮੇਂ ਸਿਰ ਤਿਆਰ ਹੋ ਜਾਵੇ।

3. ਪ੍ਰਧਾਨ ਜੀ ਵੱਲੋਂ ਮੰਡਲ ਜੰਗਲਾਤ ਅਫ਼ਸਰ, ਪਟਿਆਲਾ ਨੂੰ ਹਦਾਇਤ ਕੀਤੀ ਗਈ ਕਿ ਜਿਲ੍ਹੇ ਵਿੱਚ ਬੇਕਾਰ ਪਏ ਤਿੰਨ ਬੀੜ ਏਰੀਆ ਨੂੰ ਕੁਦਰਤੀ ਖੇਤੀਬਾੜੀ, ਖੇਤੀਬਾੜੀ ਅਤੇ ਖੇਤੀਬਾੜੀ ਨਾਲ ਸਬੰਧਿਤ ਸਹਾਇਕ ਧੰਦਿਆਂ ਲਈ ਵਰਤੋਂ ਵਿੱਚ ਲਿਆ ਕੇ ਠੋਸ ਅਤੇ ਟਿਕਾਊ ਸਾਧਨ ਪੈਦਾ ਕੀਤੇ ਜਾ ਸਕਦੇ ਹਨ। ਜਿਹਨਾਂ ਦਾ ਭਵਿੱਖ ਵਿੱਚ ਸਰਕਾਰ ਦੀ ਆਮਦਨ ਵਿੱਚ ਵਾਧਾ ਕਰਨ ਬਾਰੇ ਵਿਸ਼ੇਸ਼ ਰੋਲ ਹੋਵੇਗਾ।

4. ਬਾਇਓ ਗੈਸ: ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਬਾਇਓ ਗੈਸ ਨਾਲ ਸਬੰਧਤ ਪ੍ਰੋਜੈਕਟ ਬਣਾਉਣਗੇ।

ਮੀਟਿੰਗ ਦੇ ਅੰਤ ਵਿੱਚ ਪ੍ਰਧਾਨ ਜੀ ਵੱਲੋਂ ਸਮੂਹ ਹਾਜ਼ਰ ਮੈਂਬਰਾਂ ਨੂੰ SDG Goals ਬਾਰੇ ਦੱਸਦੇ ਹੋਏ Initial data preparation ਲਈ ਦਿੱਤਾ ਗਿਆ ਅਤੇ ਹਦਾਇਤ ਕੀਤੀ ਗਈ ਕਿ ਬਾਅਦ ਵਿਚ Initial (baseline) mid term & final term goals ਦਿੱਤੇ ਜਾਣਗੇ ਅਤੇ ਹਾਜ਼ਰ ਮੈਂਬਰਾਂ ਨੂੰ ਮੀਟਿੰਗ ਵਿੱਚ ਸਮੇਂ ਸਿਰ ਭਾਗ ਲੈਣ ਦੀ ਸਖ਼ਤ ਹਦਾਇਤ ਕੀਤੀ ਗਈ।

ਮੀਟਿੰਗ ਧੰਨਵਾਦ ਸਹਿਤ ਖਤਮ ਹੋਈ।

ਡਿਪਟੀ ਕਮਿਸ਼ਨਰ-ਕਮ-ਚੇਅਰਮੈਨ,
SDG Cell ਪਟਿਆਲਾ।

ਪਿੱਠ ਅੰਕਣ ਨੰ:ਉ.ਅ.ਅੰ.ਸ(ਪ)-2020/2853-77

ਮਿਤੀ: 30-9-2020

1) ਸਕੱਤਰ, ਯੋਜਨਾਬੰਦੀ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ।
2) ਪੀ.ਏ ਟੂ ਡਿਪਟੀ ਕਮਿਸ਼ਨਰ, ਮਾਨਯੋਗ ਡਿਪਟੀ ਕਮਿਸ਼ਨਰ ਜੀ ਦੀ ਸੂਚਨਾ ਹਿੱਤ ਹੈ ਜੀ।
3) ਪੀ.ਏ.ਟੂ ਵਧੀਕ ਡਿਪਟੀ ਕਮਿਸ਼ਨਰ(ਵਿਕਾਸ) ਨੂੰ ਮਾਨਯੋਗ ਵਧੀਕ ਡਿਪਟੀ ਕਮਿਸ਼ਨਰ(ਵਿਕਾਸ) ਜੀ ਦੀ ਸੂਚਨਾ ਹਿੱਤ।
4) ਸਮੂਹ ਸਬੰਧਤ ਅਧਿਕਾਰੀਆਂ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਕਮਿਸ਼ਨਰ-ਕਮ-ਚੇਅਰਮੈਨ,
SDG Cell ਪਟਿਆਲਾ।